# ਫ਼ਾਸ਼ਿਜ਼ਮ ਕੀ ਹੈ ?

G. 786

SARDAR DYAL SINGH (LAHORE) LIBRARY.

SINGH BROTHERS
Anarkali, Lahore.

ਹੀਰਾ ਸਿੰਘ 'ਦਰਦ'

# ਹਾਰੀ-ਹੁੱਟੀ ਰੁੱਚੀ ਨੂੰ ਬਦਲੋ

ਇਕ ਵੇਰਾਂ ਇਕ ਚੰਗੇ ਸਿਆਣੇ ਸਤਿਆ-ਗ੍ਰਹੀ-ਕਾਂਗ੍ਰਸੀ ਆਗੂ ਨਾਲ ਵਰਤਮਾਨ ਸੰਸਾਰ ਦੀ ਕੌਮਾਂਤ੍ਰੀ ਹਾਲਤ ਉਪਰ ਗੱਲ ਬਾਤ ਛਿੜ ਪਈ। ਉਹ ਬੋਲੇ:–

"ਅਜੀ ਸਾਨੂੰ ਕੀ? ਕੋਈ ਜਿੱਤੇ ਕੋਈ ਹਾਰੇ, ਸਾਡੇ ਲਈ ਤਾਂ 'ਸਭੇ ਭੇਡਾਂ ਮੁਕਾਲੀਆਂ' ਵਾਂਗ ਰੂਸ, ਜਰਮਨ, ਜਾਪਾਨ, ਇੰਗਲੈਂਡ ਸਾਰੇ ਹੀ ਇਕੋ ਜਿਹੇ ਹਨ?"

ਮੈਂ ਬੜੇ ਅਦਬ ਨਾਲ ਬਿਨੈ ਕੀਤੀ ਕਿ ਇਹ ਤਾਂ ਬ੍ਰਹਮ-ਗਿਆਨੀਆਂ ਵਾਲੀ "ਵੈਰੀ-ਮਿਤ੍ਰ ਸਭ ਏਕ ਸਮਾਨ" ਵਾਲੀ ਰੁੱਚੀ ਸਾਡੇ ਮੁਲਕੀ ਤੇ ਕੌਮੀ ਲਾਭਾਂ ਲਈ ਬੜੀ ਹਾਨੀ-ਕਾਰਕ ਹੈ, ਕੀ ਇਸ ਭਿਆਨਕ ਸੰਸਾਰ-ਜੰਗ ਦਾ ਸਾਡੇ ਉਤੇ ਕੋਈ ਅਸਰ ਨਹੀ ਪੈ ਰਿਹਾ? ਕੀ ਲੜਨ ਵਾਲਿਆਂ ਧੜਿਆਂ ਦੀ ਜਿੱਤ ਹਾਰ ਦਾ ਸਾਡੀ ਆਜ਼ਾਦੀ ਤੇ ਗ਼ੁਲਾਮੀ ਉਪਰ ਕੋਈ ਅਸਰ ਨਹੀਂ ਪਏਗਾ? ਕੀ ਸਾਨੂੰ ਇਹ ਨਹੀਂ ਸੋਚਣਾ

ਚਾਹੀਦਾ ਕਿ ਕਿਸ ਦੀ ਜਿਤ ਨਾਲ ਹਿੰਦੁਸਤਾਨ ਨੂੰ ਲਾਭ ਹੈ ਤੇ ਕਿਸ ਦੀ ਹਾਰ ਨਾਲ ਨੁਕਸਾਨ ਹੈ ? ਕੀ ਰੂਸ, ਜਰਮਨ ਤੇ ਇੰਗਲੈਂਡ ਦੇ ਸਾਰੇ ਹੀ ਵਸਨੀਕ ਹਿੰਦੁਸਤਾਨ ਦੇ ਵੈਰੀ ਹਨ ? ਕੀ ਪੰਚੈਤ ਸ਼ਾਹੀ, ਫ਼ਾਸਿਜ਼ਮ ਤੇ ਸੋਸ਼ਲਿਜ਼ਮ ਦੇ ਸਿਧਾਤਾਂ ਦੀ ਟਕਰ ਨੂੰ ਸਮਝਨਾ ਅਤੇ ਆਪਣੇ ਦੇਸ਼ ਵਿਚ ਸਭ ਤੋਂ ਚੰਗੇ ਸਿਧਾਂਤਾਂ ਅਨੁਸਾਰ ਰਾਜਸੀ ਤਬਦੀਲੀ ਪੈਦਾ ਕਰਨ ਦੀ ਕੋਸ਼ਸ਼ ਕਰਨਾ ਜ਼ਰੂਰੀ ਨਹੀਂ ?

ਉਹ ਕਹਿਣ ਲਗੇ – "ਭਾਵੇਂ ਜ਼ਰੂਰੀ ਹੀ ਹੋਵੇ ਪਰ ਸਾਨੂੰ ਅਜਿਹੀ ਸਿਰ ਦਰਦੀ ਕਰਨ ਦੀ ਕੀ ਲੋੜ ਹੈ ? ਸਭ ਮੁਲਕਾਂ ਨੇ ਆਪੋ ਆਪਣਾ ਇਕ ਇਕ ਆਗੂ ਬਣਾ ਕੇ ਉਸ ਨੂੰ ਕਰਤਾ-ਧਰਤਾ ਮਿਥ ਲਿਆ ਹੋਇਆ ਹੈ। ਜਿਵੇਂ ਰੂਸ ਨੇ ਸਟਾਲਨ, ਜਰਮਨੀ ਨੇ ਹਿਟਲਰ, ਇਟਲੀ ਨੇ ਮਸੋਲੀਨੀ, ਇੰਗਲੈਂਡ ਨੇ ਚਰਚਲ ਤੇ ਅਮ੍ਰੀਕਾ ਨੇ ਰੂਜ਼ਵੈਲਟ। ਇਸੇ ਤਰ੍ਹਾਂ ਅਸਾਂ ਹਿੰਦੁਸਤਾਨ ਦੀ ਵਾਗ-ਡੋਰ ਤੇ ਕਿਸਮਤ ਮਹਾਤਮਾ ਗਾਂਧੀ ਜੀ ਦੇ ਸਪੁਰਦ ਕਰ ਦਿਤੀ ਹੈ। ਸੋਚਣਾ ਵਿਚਾਰਨਾ ਤੇ ਪ੍ਰੋਗਰਾਮ ਬਨਾਣਾ ਬਾਪੂ (ਗਾਂਧੀ) ਜੀ ਦਾ ਕੰਮ ਹੈ। ਅਸੀਂ ਤਾਂ ਸਿਪਾਹੀ ਹਾਂ। ਸਿਪਾਹੀ ਦਾ ਫ਼ਰਜ਼ ਹੈ, ਹੁਕਮੀ-ਬੰਦਾ ਬਣਨਾ ਤੇ ਜਰਨੈਲ ਦਾ ਹੁਕਮ ਮੰਨਣਾ। ਸਿਪਾਹੀ ਨੂੰ ਇਹ ਉੱਕਾ ਸੋਚਣ ਦੀ ਲੋੜ ਨਹੀਂ ਕਿ ਹੁਕਮ ਗ਼ਲਤ ਹੈ ਕਿ ਸਹੀ ਅਤੇ ਇਸ ਦੇ ਮੰਨਣ ਨਾਲ ਕੀ ਨਤੀਜਾ ਨਿਕਲੇਗਾ।" ਇਹ ਸੁਣ ਕੇ ਮੇਰੇ ਦਿਲ ਤੇ ਸਖ਼ਤ ਚੋਟ ਲਗੀ ਅਤੇ ਮੈਂ ਫਿਰ ਕਿਹਾ:– 'ਯਕ ਨਾ ਸ਼ੁਦ ਦੋ ਸ਼ੁਦ' ਇਹ ਤਾਂ



ਇਕ ਹੋਰ ਖ਼ਤਰਨਾਕ, ਡੋਬੂ ਤੇ ਹਾਰੂ ਰੁੱਚੀ ਹੈ। ਨਾਲੇ ਗਾਂਧੀ ਜੀ ਤਾਂ ਕਾਂਗਰਸ ਦੀ ਜਰਨੈਲੀ ਛਡ ਵੀ ਚੁਕੇ ਹਨ ਅਤੇ ਮੌਲਾਨਾ ਆਜ਼ਾਦ ਤੇ ਪੰਡਤ ਜਵਾਹਰ ਲਾਲ ਨਹਿਰੂ ਵਰਗੇ ਲੀਡਰ ਕਈ ਵੇਰਾਂ ਐਲਾਨ ਵੀ ਕਰ ਚੁਕੇ ਹਨ ਕਿ ਸਾਡੀ ਹਮਦਰਦੀ ਪੰਚੈਤ ਸ਼ਾਹੀ, ਰੂਸ ਤੇ ਚੀਨ ਨਾਲ ਹੈ। ਅਸੀਂ ਜਰਮਨ, ਜਾਪਾਨ ਤੇ ਇਟਲੀ ਫ਼ਾਸ਼ਿਸ਼ਟ ਮੁਲਕਾਂ ਦੇ ਕਟੜ ਵਿਰੋਧੀ ਹਾਂ। ਜੇ ਸਾਨੂੰ ਇਥੇ ਕੌਮੀ-ਹਕੂਮਤ ਦੇ ਦਿਤੀ ਜਾਵੇ ਤਾਂ ਅਸੀ ਸ਼ਸ਼ਤ੍ਰਾਂ ਨਾਲ ਜੰਗੀ ਟਾਕਰਾ ਕਰਨ ਅਤੇ ਆਪਣੇ ਮੁਲਕ ਦੀ ਰਖਿਆ ਕਰਨ ਲਈ ਤਿਆਰ ਹਾਂ, ਸੋਚਣ ਸਮ-ਝਣ ਵਾਲੇ ਲੋਕ ਅਕਲ ਨੂੰ ਜੰਦਰਾ ਮਾਰ ਕੇ ਅੰਧਾ ਧੁੰਧ ਕਿਸੇ ਦੇ ਪਿਛੇ ਨਹੀਂ ਲਗਦੇ। ਉਹ ਸੋਚਦੇ ਹਨ, ਵਿਚਾਰਦੇ ਹਨ ਅਤੇ ਆਗੂਆਂ ਨੂੰ ਬਦਲਦੇ ਵੀ ਰਹਿੰਦੇ ਹਨ। ਇੰਗਲੈਂਡ ਵਿਚ ਜੰਗ ਦੇ ਦਿਨਾਂ ਵਿਚ ਹੀ ਚੈਂਬਰਲੇਨ ਨੂੰ ਬਦਲ ਕੇ ਮਿ: ਚਰਚਲ ਨੂੰ ਪ੍ਰਾਈਮ ਮਨਿਸਟਰ ਬਣਾ ਦਿਤਾ ਗਿਆ ਸੀ। ਇਸ ਵਾਸਤੇ ਸਾਨੂੰ ਮੁਲਕੀ ਤੇ ਕੌਮਾਂਤ੍ਰੀ ਰਾਜਸੀ ਮਸ-ਲਿਆਂ, ਪ੍ਰੋਗਰਾਮਾਂ ਅਤੇ ਸਿਧਾਂਤਾਂ ਨੂੰ ਜ਼ਰੂਰ ਸੋਚਣਾ ਵਿਚਾਰਨਾ ਚਾਹੀਦਾ ਹੈ।"

ਉਹ ਬੋਲੇ–"ਜੀ, 'ਸੌ ਹਥ ਰਸਾ ਤੇ ਸਿਰੇ ਤੇ ਗੰਢ'। ਮਹਾਤਮਾ ਗਾਂਧੀ ਜੀ ਨੇ ਇਕੋ ਆਖਰੀ ਤੇ ਸਹੀ ਗਲ ਸੋਚ ਕੇ ਦਸ ਦਿਤੀ ਹੈ ਕਿ ਤਸ਼ੱਦਦ ਨਾਲ ਲੜਾਈਆਂ ਲੜਕੇ ਦੁਨੀਆਂ ਵਿਚ ਅਮਨ ਚੈਨ ਕਾਇਮ ਨਹੀਂ ਹੋ ਸਕਦਾ। ਸ਼ਾਂਤ-ਮਈ ਨਾਲ ਹੀ ਅਮਨ ਚੈਨ ਤੇ ਸੁਖ ਵਰਤੇਗਾ। ਗਾਂਧੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.